# ਮਿਡਵਾਈਫਰੀ ਸਵਾਲ ਅਤੇ ਜਵਾਬ

### ਮੈਂ ਮਿਡਵਾਈਫ ਕਿਵੇਂ ਲੈ ਸਕਦੀ ਹਾਂ?

ਤੁਸੀਂ ਆਪਣੀ ਪ੍ਰੈਗਨੈਂਸੀ (ਗਰਭ) ਦੌਰਾਨ ਸੂਬੇ ਦੀ ਰਜਿਸਟਰੀ ਰਾਹੀਂ ਕਿਸੇ ਵੀ ਸਮੇਂ ਮਿਡਵਾਈਫਰੀ ਕੇਅਰ ਲਈ ਅਪਲਾਈ ਕਰ ਸਕਦੇ ਹੋ। ਜੇ ਤੁਹਾਡੇ ਕੋਲ ਅਲਬਰਟਾ ਦਾ ਹੈਲਥ ਕੇਅਰ ਨੰਬਰ ਨਹੀਂ ਹੈ ਤਾਂ ਇਹ ਪਤਾ ਲਾਉਣ ਲਈ ਕਿ ਕੀ ਮਿਡਵਾਈਫਰੀ ਕੇਅਰ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ, ਕਿਰਪਾ ਕਰਕੇ ਸੂਬੇ ਦੇ ਮਿਡਵਾਈਫਰੀ ਐਡਮਿਨਸਟਰੇਟਿਵ ਆਫਿਸ ਨਾਲ ਸੰਪਰਕ ਕਰੋ। ਜੇ ਤੁਸੀਂ ਰਫਿਊਜੀ ਹੋ ਜਿਹੜੇ ਇਨਟਰਮ ਫੈਡਰਲ ਹੈਲਥ (ਆਈ ਐੱਚ ਐੱਚ) ਪ੍ਰੋਗਰਾਮ ਹੇਠ ਕਵਰ ਹੋ ਤਾਂ ਬੇਸਿਕ ਕਵਰੇਜ ਹੇਠ ਮਿਡਵਾਈਫਰੀ ਦੀਆਂ ਸੇਵਾਵਾਂ ਮੁਫਤ ਹਨ।

### ਮਿਡਵਾਈਫ ਲੈਣ ਨੂੰ ਕਿੰਨਾ ਸਮਾਂ ਲੱਗਦਾ ਹੈ?

ਰਜਿਸਟਰੀ ਉੱਪਰ ਆਪਣਾ ਨਾਂ ਪਾਉਣ ਤੋਂ ਬਾਅਦ, ਕੋਈ ਮਿਡਵਾਈਫਰੀ ਕਲੀਨਿਕ ਤੁਹਾਡੇ ਨਾਲ ਸਿੱਧਾ ਸੰਪਰਕ ਕਰੇਗਾ। ਮਿਡਵਾਈਫਰੀ ਕਲੀਨਿਕ ਤੋਂ ਸੰਪਰਕ ਕੀਤੇ ਜਾਣ ਦਾ ਔਸਤ ਸਮਾਂ ਦੋ ਤੋਂ ਤਿੰਨ ਹਫਤੇ ਹੈ। ਜੇ ਤੁਸੀਂ ਗਰਭ ਦੇ 10-12 ਹਫਤਿਆਂ ਵਿਚ ਕੇਅਰ ਵਿਚ ਪ੍ਰਵਾਨ ਨਹੀਂ ਕੀਤੇ ਜਾਂਦੇ ਤਾਂ ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ ਕਿਸੇ ਡਾਕਟਰ ਨਾਲ ਪ੍ਰੀਨੇਟਲ ਕੇਅਰ ਲਉ।

### ਮਿਡਵਾਈਵਜ਼ ਕੋਲ ਕਿਹੜੀ ਪੜ੍ਹਾਈ ਅਤੇ ਟਰੇਨਿੰਗ ਹੁੰਦੀ ਹੈ?

ਮਿਡਵਾਈਵਜ਼ ਬਹੁਤ ਜ਼ਿਆਦਾ ਹੁਨਰਮੰਦ ਅਤੇ ਸਿਖਿਅਤ ਪ੍ਰੋਫੈਸ਼ਨਲਜ਼ ਹਨ ਜੋ ਕਿ ਘੱਟ ਖਤਰੇ ਵਾਲੇ ਗਰਭ ਦੀ ਸੰਭਾਲ ਵਿਚ ਖਾਸ ਮੁਹਾਰਤ ਰੱਖਦੇ ਹਨ। ਰਜਿਸਟਰਡ ਮਿਡਵਾਈਵਜ਼ ਕੋਲ ਬੈਚੂਲਰ ਔਫ ਮਿਡਵਾਈਫਰੀ ਦੀ (ਜਾਂ ਇਸ ਦੇ ਬਰਾਬਰ ਦੀ) ਡਿਗਰੀ ਹੁੰਦੀ ਹੈ।

### ਮੈਂ ਕਦੋਂ ਅਤੇ ਕਿੰਨੀ ਕੁ ਵਾਰੀ ਮਿਡਵਾਈਫ ਨੂੰ ਦੇਖਾਂਗੀ?

ਮਿਡਵਾਈਵਜ਼ ਆਮ ਤੌਰ 'ਤੇ ਮੁਢਲੀ ਅਪੌਇੰਟਮੈਂਟ ਵਜੋਂ ਗਰਭ ਦੇ 8-10 ਹਫਤਿਆਂ ਵਿਚਕਾਰ ਕਲਾਇੰਟਸ ਦਾ ਸੁਆਗਤ ਕਰਦੀਆਂ ਹਨ। ਫਿਰ ਉਨ੍ਹਾਂ ਨੂੰ 28 ਹਫਤਿਆਂ ਦੀ ਪ੍ਰੈਗਨੈਂਸੀ ਤੱਕ ਹਰ 4-6 ਹਫਤਿਆਂ ਬਾਅਦ ਦੇਖਿਆ ਜਾਂਦਾ ਹੈ, ਅਤੇ 36 ਹਫਤਿਆਂ ਦੀ ਪ੍ਰੈਗਨੈਂਸੀ ਤੱਕ ਹਰ ਦੋ ਹਫਤਿਆਂ ਬਾਅਦ ਦੇਖਿਆ ਜਾਂਦਾ ਹੈ। ਇਸ ਤੋਂ ਬਾਅਦ, ਉਨ੍ਹਾਂ ਨੂੰ ਬੱਚੇ ਦੇ ਜਨਮ ਤੱਕ ਹਰ ਹਫਤੇ ਵਿਜ਼ਟਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

### ਮਿਡਵਾਈਫਰੀ ਕੇਅਰ ਕਿੰਨੀ ਕੁ ਸੁਰੱਖਿਅਤ ਹੈ?

ਮਿਡਵਾਈਵਜ਼ ਮੁਢਲੇ ਹੈਲਥ ਕੇਅਰ ਪ੍ਰੋਵਾਈਡਰ ਹਨ, ਅਤੇ ਉਨ੍ਹਾਂ ਨੂੰ ਆਮ ਪ੍ਰੈਗਨੈਂਸੀ, ਬੱਚੇ ਦੇ ਜਨਮ ਅਤੇ ਜਨਮ ਤੋਂ ਬਾਅਦ ਦੇ ਸਮੇਂ ਲਈ ਮਾਹਰ ਸਮਝਿਆ ਜਾਂਦਾ ਹੈ। ਬਹੁਤ ਜ਼ਿਆਦਾ ਸਬੂਤ ਹਨ ਜਿਹੜੇ ਇਹ ਹਿਮਾਇਤ ਕਰਦੇ ਹਨ ਕਿ ਘੱਟ ਖਤਰੇ ਵਾਲੀਆਂ ਗਰਭਵਤੀ ਸਿਹਤਮੰਦ ਔਰਤਾਂ ਲਈ ਮਿਡਵਾਈਫਰੀ ਕੇਅਰ ਇਕ ਸੁਰੱਖਿਅਤ ਚੋਣ ਹੈ।

### ਕੀ ਮੈਨੂੰ ਮਿਡਵਾਈਫਰੀ ਕੇਅਰ ਦਾ ਖਰਚਾ ਦੇਣਾ ਪੈਂਦਾ ਹੈ?

ਅਲਬਰਟਾ ਹੈਲਥ ਸਰਵਿਸਿਜ਼ ਅਲਬਰਟਨਜ਼ ਲਈ ਮਿਡਵਾਈਫਰੀ ਦੀਆਂ ਸੇਵਾਵਾਂ ਲਈ ਪੂਰਾ ਖਰਚਾ ਦਿੰਦੀ ਹੈ। ਪਰ, ਮਿਡਵਾਈਫਰੀ ਸੇਵਾਵਾਂ ਦੀ ਮੰਗ ਇਸ ਵੇਲੇ ਪਬਲਿਕ ਫੰਡਾਂ ਨਾਲੋਂ ਜ਼ਿਆਦਾ ਹੈ। ਇਸ ਦਾ ਮਤਲਬ ਇਹ ਹੈ ਕਿ ਭਾਵੇਂ ਤੁਹਾਨੂੰ ਮਿਡਵਾਈਫਰੀ ਕੇਅਰ ਲਈ ਆਪਣੀ ਜੇਬ ਵਿੱਚੋਂ ਕੋਈ ਪੈਸਾ ਦੇਣ ਦੀ ਲੋੜ ਨਹੀਂ ਹੈ, ਪਰ ਮਿਡਵਾਈਫ ਲਈ ਅਪਲਾਈ ਕਰਨ ਵਾਲੀ ਹਰ ਔਰਤ ਇਹ ਪਬਲਿਕ ਹੈਲਥ ਕੇਅਰ ਸਿਸਟਮ ਰਾਹੀਂ ਲੈਣ ਦੇ ਯੋਗ ਨਹੀਂ ਹੈ। ਕੁਝ ਮਿਡਵਾਈਵਜ਼ ਪ੍ਰਾਈਵੇਟ ਅਦਾਇਗੀ ਕਰਨ 'ਤੇ ਸਰਵਿਸ ਦੇਣਗੀਆਂ।

### ਮਿਡਵਾਈਫ ਅਤੇ ਡੂਲਾ ਵਿਚਕਾਰ ਕੀ ਫਰਕ ਹੈ?

ਰਜਿਸਟਰਡ ਮਿਡਵਾਈਫ, ਡਾਕਟਰ ਵਾਂਗ ਹੀ ਇਕ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਹੈ। ਡੂਲਾਜ਼, ਜਨਮ ਦੇਣ ਵਾਲੀ ਟੀਮ ਵਿਚ ਵਾਧੇ ਵਜੋਂ ਕਲਾਇੰਟ ਅਤੇ ਉਸ ਦੇ ਪਰਿਵਾਰ ਨੂੰ ਲਗਾਤਾਰ ਜਜ਼ਬਾਤੀ ਅਤੇ ਸਰੀਰਕ ਮਦਦ ਪ੍ਰਦਾਨ ਕਰਦੀ ਹੈ। ਡੂਲਾਜ਼ ਨੇ ਮੈਡੀਕਲ ਟਰੇਨਿੰਗ ਨਹੀਂ ਲਈ ਹੁੰਦੀ, ਉਹ ਇਲਾਜ ਨਹੀਂ ਕਰਦੀਆਂ ਅਤੇ ਬੇਬੀਆਂ ਨੂੰ ਨਹੀਂ ਫੜਦੀਆਂ।

### ਕੀ ਮੈਂ ਮਿਡਵਾਈਫ ਲੈ ਸਕਦੀ ਹਾਂ ਅਤੇ ਹਸਪਤਾਲ ਵਿਚ ਬੱਚੇ ਨੂੰ ਜਨਮ ਦੇ ਸਕਦੀ ਹਾਂ?

ਹਾਂ। ਅਲਬਰਟਾ ਵਿਚ ਸਾਰੀਆਂ ਰਜਿਸਟਰਡ ਮਿਡਵਾਈਵਜ਼ ਨੂੰ ਹਸਪਤਾਲ ਜਾਣ ਦਾ ਹੱਕ ਹੈ ਤਾਂ ਜੋ ਉਹ ਸਾਰੇ ਮਾਹੌਲਾਂ ਵਿਚ ਪੂਰੀ ਕੇਅਰ ਪ੍ਰਦਾਨ ਕਰ ਸਕਣ।

### ਮਿਡਵਾਈਫਰੀ ਕੇਅਰ ਨੂੰ ਨਿਯਮਬੱਧ ਕਿਵੇਂ ਕੀਤਾ ਜਾਂਦਾ ਹੈ?

ਮਿਡਵਾਈਫਰੀ ਅਲਬਰਟਾ ਵਿਚ 1998 ਤੋਂ ਇਕ ਨਿਯਮਬੱਧ ਕਿੱਤਾ ਹੈ। ਦਿ ਕੌਲਜ ਔਫ ਮਿਡਵਾਈਵਜ਼ ਔਫ ਅਲਬਰਟਾ (ਸੀ ਐੱਮ ਏ) ਨਿਯਮਬੱਧ ਕਰਨ ਵਾਲੀ ਸੰਸਥਾ ਹੈ ਜੋ ਸੂਬੇ ਭਰ ਵਿਚ ਮਿਡਵਾਈਵਜ਼ ਦੀ ਰਜਿਸਟਰੇਸ਼ਨ ਅਤੇ ਪ੍ਰੈਕਟਿਸ ਲਈ ਜ਼ਿੰਮੇਵਾਰ ਹੈ।

ਭਾਵੇਂ ਤੁਸੀਂ ਬੱਚੇ ਨੂੰ ਜਨਮ ਦੇਣ ਦੀ ਚੋਣ ਕਿੱਥੇ ਵੀ ਕਰੋ, ਤੁਹਾਡੇ ਜਨਮ ਦੇਣ ਦੇ ਸਫਰ ਵਿਚ ਮਿਡਵਾਈਫ ਤੁਹਾਡੇ ਨਾਲ ਰਹੇਗੀ।

1.833.502.2176
info@alberta-midwives.ca
www.alberta-midwives.ca

ALBERTA ASSOCIATION OF MIDWIVES